# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
# ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ।

ਵੱਲ:

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਅਤੇ (ਸੈ.ਸਿ.)**
**ਪੰਜਾਬ।**

ਮੀਮੋ ਨੰ: ਆਈ.ਈ.ਡੀ./ਐਸ.ਐਸ.ਏ./2010/31104-143
ਮਿਤੀ: ਚੰਡੀਗੜ੍ਹ 29-03-10

**ਵਿਸ਼ਾ : ਚੁਣੌਤੀਗ੍ਰਸਤ ਬੱਚਿਆਂ ਦੇ ਸਕੂਲਾਂ ਵਿਚ ਦਾਖਲੇ ਨੂੰ ਯਕੀਨੀ ਬਣਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਤੁਹਾਨੂੰ ਪਤਾ ਹੈ ਕਿ ਚੁਣੌਤੀਗ੍ਰਸਤ ਬੱਚੇ ਸਾਡੇ ਸਮਾਜ ਦਾ ਇੱਕ ਅਹਿਮ ਹਿੱਸਾ ਹਨ ਅਤੇ ਇਹਨਾਂ ਨੂੰ ਢੁਕਵੀਂ ਸਿੱਖਿਆ ਪ੍ਰਦਾਨ ਕਰਨਾ ਸਾਡੀ ਪਰਮ ਜ਼ਿਮੇਵਾਰੀ ਹੈ। ਪਰੰਤੂ ਦੇਖਣ ਵਿਚ ਆਇਆ ਹੈ ਕਿ ਕਈ ਸਕੂਲਾਂ ਵਿੱਚ ਚੁਣੌਤੀਗ੍ਰਸਤ ਬੱਚਿਆਂ ਨੂੰ ਦਾਖਲਾ ਲੈਣ ਸਮੇਂ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਸਕੂਲ ਆਉਣ ਤੋਂ ਨਿਰਉਤਸਾਹਿਤ ਕੀਤਾ ਜਾਂਦਾ ਹੈ। ਅਜਿਹੀ ਇੱਕ ਧਾਰਣਾ ਬਣੀ ਹੋਈ ਹੈ ਕਿ ਚੁਣੌਤੀਗ੍ਰਸਤ ਬੱਚਿਆਂ ਦੇ ਸਕੂਲ ਵਿੱਚ ਹੋਣ ਨਾਲ ਸਕੂਲ ਦਾ ਨਤੀਜਾ ਖਰਾਬ ਹੁੰਦਾ ਹੈ। ਇੱਥੇ ਇਹ ਧਿਆਨ ਦੇਣਾ ਜ਼ਰੂਰੀ ਹੈ ਕਿ ਜੇਕਰ ਇਹ ਬੱਚੇ ਸਕੂਲਾਂ ਤੋਂ ਵਿਰਵੇ ਰਹਿੰਦੇ ਹਨ ਤਾਂ ਇਹ ਸਮਾਜ ਵਿੱਚ ਹੋਰ ਪਛੜ ਜਾਣਗੇ ਅਤੇ ਇਸ ਦਾ ਮਾੜਾ ਅਸਰ ਪੂਰੇ ਸਮਾਜ ਤੇ ਪਵੇਗਾ। ਅਜਿਹਾ ਨਾ ਹੋਵੇ ਇਸ ਲਈ ਸਾਨੂੰ ਯਤਨਸ਼ੀਲ ਰਹਿਣਾ ਪਵੇਗਾ।

3.0 ਇਸ ਦਫਤਰੀ ਹੁਕਮ ਰਾਹੀਂ ਆਪ ਜੀ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਕਿਸੇ ਵੀ ਚੁਣੌਤੀਗ੍ਰਸਤ ਬੱਚੇ ਨੂੰ ਸਕੂਲੋਂ ਵਿਰਵਾ ਨਾ ਰੱਖਿਆ ਜਾਵੇ ਅਤੇ ਉਹਨਾਂ ਨੂੰ ਸਕੂਲਾਂ ਵਿਚ ਦਾਖਲ ਕਰਵਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਵੇ। ਆਪ ਜੀ ਨੂੰ ਇਹ ਵੀ ਹੁਕਮ ਜਾਰੀ ਕੀਤੇ ਜਾਂਦੇ ਹਨ ਕਿ ਕਿਸੇ ਵੀ ਬੱਚੇ ਨੂੰ ਸਕੂਲ ਵਿਚ ਦਾਖਲਾ ਲੈਣ ਤੋਂ ਰੋਕਣਾ ਕਾਨੂੰਨਨ ਜੁਰਮ ਹੈ ਅਤੇ ਇਹਨਾਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਕਿਸੇ ਵੀ ਕਾਰਣਵਸ਼ ਸਕੂਲ ਵਿਚ ਦਾਖਲਾ ਲੈਣ ਤੋਂ ਰੋਕਿਆ ਨਹੀਂ ਜਾ ਸਕਦਾ। ਸਗੋਂ ਅਧਿਆਪਕਾਂ ਨੂੰ ਇਹਨਾਂ ਚੁਣੌਤੀਗ੍ਰਸਤ ਬੱਚਿਆਂ ਨੂੰ ਪੜਾਉਣ ਲਈ ਅਤੇ ਉਹਨਾਂ ਦੀਆਂ ਵਿਸ਼ੇਸ਼ ਲੋੜਾਂ ਦਾ ਧਿਆਨ ਰੱਖਣ ਦੀ ਭਰਪੂਰ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਲੋੜ ਅਨੁਸਾਰ ਇਹਨਾਂ ਤੇ ਵਾਧੂ ਸਮਾਂ ਵੀ ਲਗਾਉਣਾ ਚਾਹੀਦਾ ਹੈ।

4.0 ਅਧਿਆਪਕਾਂ ਨੂੰ ਜੇਕਰ ਵਿਸ਼ੇਸ਼ ਬੱਚਿਆਂ ਨੂੰ ਪੜਾਉਣ ਸਬੰਧੀ ਕਿਸੇ ਸਹਾਇਤਾ ਦੀ ਜਾਂ ਟ੍ਰੇਨਿੰਗ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਉਹਨਾਂ ਨੂੰ ਪ੍ਰੋਤਸਾਹਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਜ਼ਿਲ੍ਹੇ ਜਾਂ ਬਲਾਕ/ ਕਲਸਟਰ ਦੇ ਸਪੈਸ਼ਲ ਐਜੂਕੇਟਰ ਤੋਂ ਜਾਂ DIET ਤੋਂ ਮਦਦ ਲੈਣ।

5.0 ਜੇਕਰ ਇਹਨਾਂ ਹੁਕਮਾਂ ਦੀ ਉਲੰਘਣਾ ਕਰਨ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਦੋਸ਼ੀ ਅਧਿਆਪਕ ਅਤੇ ਸਕੂਲ ਦੇ ਮੁੱਖ ਅਧਿਆਪਕ ਖਿਲਾਫ ਸਖਤ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।

**ਨੋਟ:** ਇਸ ਪੱਤਰ ਦੀ ਕਾਪੀ ਸਾਰੇ ਜ਼ਿਲ੍ਹਿਆਂ ਦੇ ਬੀ.ਪੀ.ਈ.ਓ., ਸਕੂਲ ਮੁੱਖੀ, ਸੀ.ਐਚ.ਟੀ., ਅਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਵੀ ਜਾਰੀ ਕੀਤੀ ਜਾਵੇ ਜੀ।

ਸਹੀ/-

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**